20 ਮਾਰਚ, 2023

# ਐਵੀਅਨ ਇਨਫਲੂਐਂਜ਼ਾ ਲਈ ਮਰੇ ਹੋਏ ਜਲ ਪੰਛੀਆਂ ਦਾ ਟੈਸਟ ਪੌਜ਼ਿਟਿਵ ਆਇਆ ਹੈ

ਬ੍ਰੈਂਪਟਨ, ਓਨਟੈਰੀਓ – ਪਹਿਲਾਂ ਪ੍ਰੋਫੈਸਰਸ ਲੇਕ (Professor's Lake) ਅਤੇ ਡਨਕੈਨ ਵੈਲੀ ਫੋਸਟਰ ਸਾਊਥ (Duncan Valley Foster South) ਦੇ ਖੇਤਰਾਂ ਵਿੱਚ ਪਹਿਲਾਂ ਰਿਪੋਰਟ ਕੀਤੇ ਗਏ ਮਰੇ ਹੋਏ ਜਲ ਪੰਛੀਆਂ ਦਾ ਐਵੀਅਨ ਇਨਫਲੂਐਂਜ਼ਾ (Avian Influenza) (ਬਰਡ ਫਲੂ) ਲਈ ਟੈਸਟ ਪੌਜ਼ਿਟਿਵ ਆਇਆ ਹੈ।

ਟੈਸਟ ਵਾਸਤੇ ਨਮੂਨੇ, ਕੈਨੇਡਿਅਨ ਵਾਈਲਡਲਾਈਫ ਹੈਲਥ ਕੋਓਪਰੇਟਿਵ (ਸੀ.ਡਬਲਯੂ.ਐਚ.ਸੀ.) (Canadian Wildlife Health Cooperative) (CWHC) ਨੂੰ ਭੇਜੇ ਗਏ ਸਨ, ਜਿੱਥੇ ਮੌਤ ਦਾ ਕਾਰਨ ਐਵੀਅਨ ਇਨਫਲੂਐਂਜ਼ਾ (ਬਰਡ ਫਲੂ) ਹੋਣ ਦੀ ਪੁਸ਼ਟੀ ਹੋਈ ਹੈ।

ਸਿਟੀ ਆਫ ਬ੍ਰੈਂਪਟਨ ਦੀ ਐਨੀਮਲ ਸਰਵਿਸਿਜ (Animal Services) ਟੀਮ, ਕਿਰਿਆਸ਼ੀਲ ਢੰਗ ਨਾਲ ਸਥਿਤੀ ਤੇ ਨਜ਼ਰ ਰੱਖ ਰਹੀ ਹੈ ਅਤੇ ਸਾਰੇ ਸਰਕਾਰੀ ਭਾਈਵਾਲਾਂ ਨਾਲ ਮਿਲਕੇ ਕੰਮ ਕਰ ਰਹੀ ਹੈ।

ਮਨੁੱਖਾਂ ਵਿੱਚ ਐਵੀਅਨ ਇਨਫਲੂਐਂਜ਼ਾ (ਬਰਡ ਫਲੂ) ਦੇ ਫੈਲਣ ਦਾ ਜੋਖਮ ਬਹੁਤ ਹੀ ਘੱਟ ਹੈ। ਇਸ ਵੇਲੇ ਆਮ ਲੋਕਾਂ ਨੂੰ ਜੋਖਮ ਵਧਣ ਦਾ ਕੋਈ ਸੰਕੇਤ ਨਹੀਂ ਹੈ।

ਵਸਨੀਕਾਂ ਅਤੇ ਪਾਲਤੂ ਜਾਨਵਰਾਂ ਦੀ ਸਿਹਤ ਅਤੇ ਸੁਰੱਖਿਆ ਵਿੱਚ ਮਦਦ ਲਈ, ਸਿਟੀ ਆਫ ਬ੍ਰੈਂਪਟਨ, ਮਰੇ ਹੋਏ ਜਲ ਪੰਛੀਆਂ ਦੀ ਵਧਦੀ ਗਿਣਤੀ ਦੇ ਜਵਾਬ ਵਿੱਚ ਹੇਠਾਂ ਦਿੱਤੇ ਸੁਝਾਅ ਪ੍ਰਦਾਨ ਕਰ ਰਹੀ ਹੈ।

ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਹੇਠਾਂ ਦਿੱਤੀਆਂ ਸਾਵਧਾਨੀਆਂ ਵਰਤਣ ਲਈ ਕਿਹਾ ਜਾ ਰਿਹਾ ਹੈ:

- ਜਾਨਵਰਾਂ ਨੂੰ ਕਿਸੇ ਵੀ ਜਲ ਪੰਛੀ ਜਾਂ ਉਸਦੇ ਪਖਾਨੇ ਤੋਂ ਦੂਰ ਰੱਖੋ
- ਜਲ ਪੰਛੀ ਨੂੰ ਭੋਜਨ ਨਾ ਖਵਾਓ ਜਾਂ ਕਿਸੇ ਹੋਰ ਤਰ੍ਹਾਂ ਨਾਲ ਉਹਨਾਂ ਕੋਲ ਨਾ ਜਾਓ
- ਬਿੱਲੀਆਂ ਨੂੰ ਅੰਦਰ ਹੀ ਰੱਖੋ
- ਕੁੱਤਿਆਂ ਨੂੰ ਜੰਜੀਰ ਬੰਨ੍ਹ ਕੇ ਰੱਖੋ (ਜਿਵੇਂ ਕਿ ਮਿਊਨਿਸਿਪਲ ਬਾਇ-ਲਾਅ ਹੇਠ ਜ਼ਰੂਰੀ ਹੈ)
- ਪਾਲਤੂ ਜਾਨਵਰਾਂ (ਜਿਵੇਂ ਕੁੱਤੇ ਜਾਂ ਬਿੱਲੀਆਂ) ਨੂੰ ਪੰਛੀਆਂ ਜਾਂ ਪੋਲਟਰੀ ਤੋਂ ਕੋਈ ਵੀ ਕੱਚਾ ਮਾਸ ਨਾ ਖਵਾਓ
- ਜੇਕਰ ਪਾਲਤੂ ਪੰਛੀਆਂ ਨੂੰ ਆਮ ਤੌਰ ਤੇ ਅੰਦਰ ਨਹੀਂ ਰੱਖਦੇ ਹੋ, ਤਾਂ ਵੀ ਉਹਨਾਂ ਨੂੰ ਅੰਦਰ ਹੀ ਰੱਖੋ
- ਬੈਕਟੀਰੀਆ ਸਬੰਧੀ ਜਾਂ ਵਾਇਰਲ ਸੰਕ੍ਰਮਣ ਦੀ ਸੰਭਾਵਨਾ ਨੂੰ ਘਟਾਉਣ ਲਈ, ਪੰਛੀਆਂ ਦੇ ਫੀਡਰ ਨੂੰ ਵਾਰ-ਵਾਰ ਹਟਾਉਣਾ ਜਾਂ ਸਾਬੁਣ ਅਤੇ ਪਾਣੀ ਨਾਲ ਧੋਣਾ ਚਾਹੀਦਾ ਹੈ

ਇਸ ਵੇਲੇ, ਸਾਰੀਆਂ ਪਬਲਿਕ ਥਾਵਾਂ, ਜਿੱਥੇ ਮਰੇ ਹੋਏ ਜਲ ਪੰਛੀ ਮਿਲੇ ਹਨ, ਜਨਤਾ ਲਈ ਖੁੱਲੀਆਂ ਹਨ। ਲੋਕਾਂ ਨੂੰ ਇਹ ਜਾਣਕਾਰੀ ਦੇਣ ਵਾਸਤੇ ਸਾਈਨ ਬੋਰਡ ਲਗਾਏ ਜਾਣਗੇ ਕਿ ਖੇਤਰ ਵਿੱਚ ਜਲ ਪੰਛੀ, ਐਵੀਅਨ ਇਨਫਲੂਐਂਜ਼ਾ (ਬਰਡ ਫਲੂ) ਤੋਂ ਸੰਕ੍ਰਮਿਤ ਹੋਇਆ ਹੋ ਸਕਦਾ ਹੈ।

ਜੇਕਰ ਕਿਸੇ ਨੂੰ ਮਰਿਆ ਹੋਇਆ ਜਲ ਪੰਛੀ ਦਿਖਾਈ ਦੇਵੇ, ਤਾਂ ਉਹਨਾਂ ਨੂੰ 3-1-1 ਤੇ ਫੋਨ ਕਰਨ ਲਈ ਕਿਹਾ ਜਾ ਰਿਹਾ ਹੈ।

ਕੈਨੇਡਿਅਨ ਗੀਜ (Canadian Geese) ਬਾਰੇ ਵਾਧੂ ਜਾਣਕਾਰੀ, ਸਿਟੀ ਆਫ ਬ੍ਰੈਂਪਟਨ ਦੀ ਵੈਬਸਾਈਟ ਤੇ, ਇੱਥੇ (here) ਪ੍ਰਾਪਤ ਕੀਤੀ ਜਾ ਸਕਦੀ ਹੈ।

ਐਵੀਅਨ ਇਨਫਲੂਐਂਜ਼ਾ (ਬਰਡ ਫਲੂ) ਬਾਰੇ ਵਧੇਰੇ ਜਾਣਕਾਰੀ, ਕੈਨੇਡਾ ਸਰਕਾਰ ਦੀ ਵੈਬਸਾਈਟ ਤੇ, ਇੱਥੇ (here) ਪ੍ਰਾਪਤ ਕੀਤੀ ਜਾ ਸਕਦੀ ਹੈ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca